(i) **Printed Pages : 4** **Roll No. ................................**

(ii) **Questions : 6**

**Sub. Code : | 0 | 5 | 0 | 8 |**

**Exam. Code : | 0 | 0 | 0 | 6 |**

**B.A./B.Sc. (General) 6th Sem.**

**(2042)**

**PUNJABI**

**Paper : Elective**

**Time Allowed : Three Hours]** **[Maximum Marks : 90**

**ਨੋਟ :–** ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਪ੍ਰਸ਼ਨਾਂ ਦੇ ਉੱਤਰ ਤਰਤੀਬ ਅਨੁਸਾਰ ਹੀ ਦਿੱਤੇ ਜਾਣ। ਪ੍ਰਸ਼ਨ ਨੰ. 3 ਅਤੇ 4 ਦੇ ਹੱਲ ਇਕੋਂ ਥਾਂ ਹੀ ਦਿੱਤੇ ਜਾਣ। ਲਿਖਾਈ ਸ਼ੁੱਧ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

1. (ੳ) ਕਿਸੇ **ਇੱਕ** ਕਾਵਿ ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਰੱਬਾ ਕਿਸ ਨੂੰ ਫੋਲਿ ਸੁਣਾਵਾਂ ਦਰਦ ਦਿਲੇ ਦਾ ਸਾਰਾ
ਕੌਣ ਹੋਵੇ ਅੱਜ ਸਾਥੀ ਮੇਰਾ ਦੁਖ ਵੰਡਾਵਣ-ਹਾਰਾ
ਜਿਸ ਦੇ ਨਾਲ ਮੁਹੱਬਤ ਲਾਈ ਚਾ ਲਿਆ ਗ਼ਮ ਖਾਰਾ
ਸੋ ਮੂੰਹ ਦਿਸਦਾ ਨਹੀਂ ਮੁਹੰਮਦ ਕੀ ਮੇਰਾ ਹੁਣ ਚਾਰਾ ?

**ਜਾਂ**

ਬਾਦਸ਼ਾਹੋਂ ਕਾ ਦੇਵਤਾ ਤੇਜ ਘਣਾ ਪਰਤਾਪ।
ਜੀਉਣਾ ਅੱਗੋਂ ਦੇਖ ਕੇ, ਲੱਜਿਆ ਪਕੜੀ ਆਪ॥
ਮਹਾਰਾਜ ਫੁਰਮਾਂਵਦੇ, ਸੁਣ ਹੋ ਜੀਉਣਾ ਮੌੜ।
ਕੈਦੀ ਕੀਨਾ ਪੁਲਸ ਨੇ, ਏਹੀ ਤੁਮਰੀ ਦੌੜ ? 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਸਪੱਸ਼ਟ ਕਰੋ :

(1) ਬਾਰਾਂ ਬਰਸ ਗੁਜ਼ਰੇ ਖਬਰਦਾਰ ਹੋਇਆਂ

(2) ਏਸ ਇਸ਼ਕ ਵਲੋਂ ਦਿਲ ਡਰਦਾ ਈ। 10

2. (ੲ) ਕਿਸੇ **ਇੱਕ** ਦੀ ਸਾਹਿਤਕ ਆਲੋਚਨਾ ਕਰੋ :

ਦਾਲ ਦੱਸਦਾ ਪੁੱਛਦਾ ਲਾਗੀਆਂ ਨੂੰ,
ਸਲਵਾਹਨ ਰਾਜਾ ਤਦੋਂ ਗੱਜ ਕੇ ਜੀ।
ਉਹ ਪੂਰਨ ਭਗਤ ਦਾ ਢੂੰਡਸਾਂ ਸਾਕ ਯਾਰੋ,
ਜਿੱਥੇ ਚਲ ਢੁਕੀਏ ਦਿਨ ਅੱਜ ਦੇ ਜੀ।
ਮੈਨੂੰ ਸਿਕਦਿਆਂ ਰੱਬ ਨੇ ਲਾਲ ਦਿੱਤਾ।
ਅੱਖੀਂ ਵੇਖ ਲੀਤਾ, ਹੁਣ ਰੱਜ ਕੇ ਜੀ।
ਕਾਦਰਯਾਰ ਮੀਆਂ ਪੂਰਨ ਭਗਤ ਅੱਗੋਂ,
ਕਹਿੰਦਾ ਸੁਖਨ ਸੱਚਾ ਇਕ ਵੱਜ ਕੇ ਜੀ।

ਜਾਂ

ਗੰਗਾਦੀਨ ਆਪ ਬਹੁਤ ਮਧਰਾ ਸੀ। ਉਸ ਦਾ ਚਿਹਰਾ-ਮੁਹਰਾ ਉਸ ਦੇ ਆਪਣੇ ਬਣਾਏ ਬੂਟਾਂ ਵਰਗਾ ਸਾਫ ਸੀ। ਉਸ ਉੱਤੇ ਕੋਈ ਵਿਖਾਵਾ ਜਾਂ ਹੋਛਾਪਣ ਨਹੀਂ ਸੀ। ਉਸ ਦੇ ਸਿਰ ਤੇ ਦਾੜ੍ਹੀ ਦੇ ਵਾਲ ਭੂਰੇ ਹੋ ਚੁੱਕੇ ਸਨ, ਪਰ ਉਸ ਦੀ ਅਵਾਜ਼ ਬੜੀ ਸਾਫ਼ ਸੀ। ਉਹ ਬੜੇ ਠਰ੍ਹੰਮੇ ਵਾਲਾ ਸੀ ਤੇ ਸਭ ਕੰਮ ਠੰਢੇ ਦਿਲ ਨਾਲ ਕਰਦਾ ਸੀ। ਉਸ ਦੀਆਂ ਅੱਖਾਂ ਵਿਚ ਚਮਕ ਸੀ, ਜੋ ਦੱਸਦੀ ਸੀ ਕਿ ਇਨ੍ਹਾਂ ਅੱਖਾਂ ਦਾ ਮਾਲਕ ਹਰ ਇੱਕ ਕੰਮ ਨਮੂਨੇ ਦਾ ਕਰਦਾ ਹੈ। ਆਪਣੀ ਸਾਰੀ ਵਾਹ ਲਾ ਕੇ ਕਰਦਾ ਹੈ ਅਤੇ ਆਪਣੇ ਦਿਲ ਦੇ ਪੂਰੇ ਚਾਉ ਨਾਲ ਕਰਦਾ ਹੈ। ਉਸ ਦਾ ਵੱਡਾ ਭਰਾ ਭਾਵੇਂ ਰਤਾ ਪਿਲੱਤਣ ਉੱਤੇ ਸੀ ਤੇ ਕੁੱਬਾ ਵੀ ਸੀ, ਪਰ ਉਹ ਗੰਗਾਦੀਨ ਨਾਲ ਏਨਾ ਰਲਦਾ

ਸੀ ਕਿ ਮੈਨੂੰ ਕਈ ਵਾਰ ਪਤਾ ਹੀ ਨਹੀਂ ਸੀ ਲਗਦਾ ਕਿ ਮੈਂ ਉਨ੍ਹਾਂ ਵਿਚੋਂ ਕਿਸ ਨਾਲ ਗੱਲਾਂ ਕਰ ਰਿਹਾ ਹਾਂ। ਫੇਰ ਵੀ ਇਕ ਨਿਸ਼ਾਨੀ ਮੈਨੂੰ ਲੱਭੀ ਹੋਈ ਸੀ। ਜੇ ਤਾਂ ਮੇਰੇ ਨਾਲ ਗੱਲਾਂ ਕਰਨ ਵਾਲਾ ਕਹਿੰਦਾ ਹੈ ਕਿ ਮੈਂ ਭਰਾ ਨੂੰ ਪੁੱਛਾਗਾਂ, ਤਾਂ ਮੈਂ ਸਮਝ ਲੈਂਦਾ ਕਿ ਇਹ ਵੱਡਾ ਭਰਾ ਹੈ; ਜੇ ਇਹ ਨਾ ਕਹਿੰਦਾ ਤਾਂ ਗੰਗਾਦੀਨ ਹੁੰਦਾ। 10

(ਅ) ਕਿਸੇ **ਇਕ** ਨਿਬੰਧ ਦੀ ਸਾਹਿਤਕ ਆਲੋਚਨਾ ਕਰੋ :

(1) ਜੰਟਲਮੈਨ

(2) ਮੰਮੀ, ਗੁੱਡੂ ਤੇ ਭਾਈਆ। 10

3. ਕਿਸੇ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਲਿਖੋ :

(ੳ) 'ਬਾਗ ਬਹਾਰਾਂ' ਦੋਹੜੇ ਵਿੱਚ ਮੀਆਂ ਮੁਹੰਮਦ ਬਖਸ਼ ਨੇ ਕੀ ਕਿਹਾ ਹੈ ?

(ਅ) ਰਾਣੀ ਸੁੰਦਰਾਂ ਪੂਰਨ ਵਲ ਕਿਉਂ ਮੋਹੀ ਗਈ ?

(ੲ) 'ਹੁਣ ਮੈਂ ਰਾਂਝਣ ਹੋਈ' ਕਾਫੀ ਦਾ ਕੇਂਦਰੀ ਭਾਵ ਲਿਖੋ।

(ਸ) ਪੁਲਿਸ ਨੇ ਜਿਊਣੇ ਮੌੜ ਨੂੰ ਫੜਨ ਲਈ ਕੀ ਕੀਤਾ ?

(ਹ) 'ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ' ਦਾ ਭਾਵ ਖੋਲ੍ਹ ਕੇ ਦੱਸੋ।

(ਕ) ਲੇਖਕ ਕੋਲ ਨਵੇਂ ਬੂਟ ਸਨ, ਫਿਰ ਉਸ ਨੂੰ ਜੁੱਤੀ ਖਰੀਦਣ ਦੀ ਕੀ ਲੋੜ ਪੈ ਗਈ ?

(ਖ) "ਬੱਚੇ ਮਾਂ ਦਾ ਪ੍ਰਤੀਬਿੰਬ ਹੁੰਦੇ ਹਨ।" ਕਿਵੇਂ ?

(ਗ) ਸ੍ਰੀ ਹਰਿਮੰਦਰ ਸਾਹਿਬ ਕਿਵੇਂ ਮੁਸਕ੍ਰਾਉਂਦਾ ਹੈ ? 2×5=10

4. ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਸੂਫੀਆਂ ਦੀਆਂ ਕਿਹੜੀਆਂ-ਕਿਹੜੀਆਂ ਸੰਪਰਦਾਵਾਂ ਸਨ ? ਬਾਬਾ ਫਰੀਦ ਕਿਹੜੀ ਸੰਪਰਦਾ ਨਾਲ ਸੰਬੰਧਿਤ ਸਨ ?

(ਅ) ਮੱਧਕਾਲ ਜਾਂ ਕਿੱਸਾ ਕਾਲ (18ਵੀਂ ਤੇ 19ਵੀਂ ਸਦੀ) ਵਿੱਚ ਕਿਹੜੀ-ਕਿਹੜੀ ਧਾਰਾ ਆਪਣੇ ਸਿਖਰ ਤੇ ਪੁੱਜੀ ?

(ੲ) ਮੁੱਢਲੇ ਬਸਤੀਵਾਦੀ ਕਾਲ ਦੇ ਪ੍ਰਸਿੱਧ ਪੰਜ ਕਿੱਸਾਕਾਰਾਂ ਦੇ ਨਾਂ ਲਿਖੋ।

(ਸ) ਭਗਵਾਨ ਸਿੰਘ ਨੇ ਪੰਜਾਬੀ ਵਿੱਚ ਕਿਹੜੀ-ਕਿਹੜੀ ਰਚਨਾ ਕੀਤੀ ?

(ਹ) ਸਿੰਘ ਸਭਾ ਲਹਿਰ ਨੇ ਕਿਹੜੇ ਵਾਰਤਕ ਸਾਹਿਤ ਨੂੰ ਹੁਲਾਰਾ ਦਿੱਤਾ ?

(ਕ) ਈਸਾਈ ਮਿਸ਼ਨਰੀਆਂ ਨੇ ਪੰਜਾਬੀ ਵਿੱਚ ਕੀ ਕੁੱਝ ਲਿਖਿਆ ?

5×4=20

5. ਕਿਸੇ **ਇੱਕ** ਸਿਧਾਂਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ :

(ੳ) ਅਰਸਤੂ ਦਾ ਅਨੁਕਰਣ ਸਿਧਾਂਤ।

(ਅ) ਮਨੋਵਿਸ਼ਲੇਸ਼ਣੀ ਵਿਧੀ। 10

6. ਕਿਸੇ **ਇੱਕ** ਸੰਕਲਪ ਬਾਰੇ ਚਰਚਾ ਕਰੋ :

(ੳ) ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਤੇ ਖੇਤਰ।

(ਅ) ਭਾਸ਼ਾ ਵਿਗਿਆਨ ਅਤੇ ਮਾਨਵ ਵਿਗਿਆਨ ਦੇ ਆਪਸੀ ਸੰਬੰਧ ਬਾਰੇ ਚਰਚਾ ਕਰੋ। 10